# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 30-07-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ, ਕਿ ਦੇਸ਼ ਦੀ GDP ਅੱਠ ਫੀਸਦੀ ਦੀ ਦਰ ਨਾਲ ਵਧ ਰਹੀ ਏ ਅਤੇ ਉਹ ਦਿਨ ਦੂਰ ਨਹੀਂ, ਜਦੋਂ ਇਹ ਵਿਸ਼ਵ ਪੱਧਰ 'ਤੇ ਤੀਜੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣ ਜਾਵੇਗਾ ।
- ਪੰਜਾਬ ਦੇ ਨਵ-ਨਿਯੁਕਤ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ, ਪੂਰੀ ਲਗਨ ਤੇ ਸ਼ਿੱਦਤ ਨਾਲ ਸਮਾਜ ਸੇਵਾ ਕਰਨ ਦੀ ਵਚਨਬੱਧਤਾ ਪ੍ਰਗਟਾਈ ।
- ਨਿਸ਼ਾਨੇਬਾਜ਼ ਮਨੂ ਭਾਕਰ ਤੇ ਸਰਬਜੋਤ ਸਿੰਘ ਦੀ ਜੋੜੀ ਨੇ, 10 ਮੀਟਰ ਏਅਰ ਪਿਸਟਲ ਮਿਕਸਡ ਮੁਕਾਬਲੇ ਵਿਚ ਕਾਂਸੇ ਦਾ ਤਮਗਾ ਜਿਤਿਆ ।

- ਪੰਜਾਬ ਵਿਚ ਔਸਤਨ ਮੀਂਹ ਦੇ ਮੁਕਾਬਲੇ ਹਾਲੇ ਤਕ ਕੋਈ 44 ਫੀਸਦੀ ਘੱਟ ਮੀਂਹ ਦਰਜ਼ ਕੀਤਾ ਗਿਆ ਏ, ਮੌਸਮ ਵਿਭਾਗ ਨੇ ਅਗਲੇ ਦੋ ਦਿਨ, ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਚੇਤਾਵਨੀ ਦਿੱਤੀ ਏ।

--------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਦੇਸ਼ ਦੀ GDP ਅੱਠ ਫੀਸਦੀ ਦੀ ਦਰ ਨਾਲ ਵਧ ਰਹੀ ਏ ਅਤੇ ਅਤੇ ਉਹ ਦਿਨ ਦੂਰ ਨਹੀਂ, ਜਦੋਂ ਇਹ ਵਿਸ਼ਵ ਪੱਧਰ 'ਤੇ ਤੀਜੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣ ਜਾਵੇਗਾ। ਅੱਜ ਨਵੀਂ ਦਿੱਲੀ ਵਿੱਚ 'ਵਿਕਸਿਤ ਭਾਰਤ ਵੱਲ ਯਾਤਰਾ: ਕੇਂਦਰੀ ਬਜਟ 2024-25 ਮਗਰੋਂ, ਇਕ ਕਾਨਫਰੰਸ' ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ, ਉਨਾਂ ਕਿਹਾ ਕਿ ਭਾਰਤ ਮਹਾਮਾਰੀ ਨਾਲ ਜੂਝਦਿਆਂ ਵੀ ਨਵੀਆਂ ਉਚਾਈਆਂ ’ਤੇ ਪਹੁੰਚ ਗਿਆ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਰਕਾਰ ਸਾਰੇ ਖੇਤਰਾਂ 'ਤੇ ਧਿਆਨ ਕੇਂਦਰਿਤ ਕਰ ਰਹੀ ਅਤੇ ਜਿਸ ਰਫਤਾਰ ਤੇ ਪੈਮਾਨੇ 'ਤੇ ਸਰਕਾਰ ਬੁਨਿਆਦੀ ਢਾਂਚੇ ਦਾ ਨਿਰਮਾਣ ਕਰ ਰਹੀ ਏ, ਉਹ ਬੇਮਿਸਾਲ ਏ। ਉਨ੍ਹਾਂ

ਕਿਹਾ ਕਿ ਪੂੰਜੀਗਤ ਖਰਚ ਨੂੰ ਸਰੋਤ ਪੂੰਜੀਕਾਰੀ ਦਾ ਸਭ ਤੋਂ ਵੱਡਾ ਉਤਪਾਦਕ ਮਾਧਿਅਮ ਕਿਹਾ ਜਾਂਦਾ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 2004 ਵਿੱਚ UPA ਸਰਕਾਰ ਦੇ ਪਹਿਲੇ ਬਜਟ ਵਿੱਚ ਪੂੰਜੀਗਤ ਖਰਚ 90 ਹਜ਼ਾਰ ਕਰੋੜ ਰੁਪਏ ਸੀ ਅਤੇ 2014 ਵਿੱਚ ਇਹ ਵਧ ਕੇ 2 ਲੱਖ ਕਰੋੜ ਰੁਪਏ ਹੋ ਗਿਆ ਏ।

-----------------------------------------------------------

ਚਾਰ ਦੇਸ਼ਾਂ ਦੇ ਸੁਰੱਖਿਆ ਸੰਵਾਦ ਸਮੂਹ - ਕਵਾਡ ਦੇ ਵਿਦੇਸ਼ ਮੰਤਰੀਆਂ ਨੇ ਨਵੀਂ ਤਕਨੀਕ ਦੀ ਵਰਤੋਂ ਕਰਨ ਵਾਲੇ ਅੱਤਵਾਦੀਆਂ ਨੂੰ ਚੇਤਾਵਨੀ ਦੇਂਦਿਆਂ ਲਸ਼ਕਰ-ਏ-ਤੈਯਬਾ, ਜੈਸ਼-ਏ-ਮੁਹੰਮਦ, ਅਲਕਾਇਦਾ ਅਤੇ ਇਸਲਾਮਿਕ ਸਟੇਟ ਸਮੇਤ ਸੰਯੁਕਤ ਰਾਸ਼ਟਰ ਦੀ ਸੂਚੀ ਵਿਚ ਸ਼ਾਮਲ, ਅੱਤਵਾਦੀ ਸਮੂਹਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਏ। ਟੋਕੀਓ ਵਿੱਚ ਕਵਾਡ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਕਿਹਾ ਕਿ ਉਹ, ਅੱਤਵਾਦੀ ਉਦੇਸ਼ਾਂ ਲਈ, ਨਵੀਂ ਤਕਨਾਲੋਜੀ ਦੇ ਖ਼ਤਰਿਆਂ ਪ੍ਰਤੀ, ਕੌਮਾਂਤਰੀ ਤੇ ਖੇਤਰੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਨੇ। ਵਿਦੇਸ਼ ਮੰਤਰੀ ਡਾਕਟਰ ਐਸ ਜੈਸ਼ੰਕਰ, ਅਮਰੀਕਾ ਦੇ

ਵਿਦੇਸ਼ ਮੰਤਰੀ ਐਂਟੋਨੀ ਬਲਿੰਕਨ, ਆਸਟ੍ਰੇਲੀਆ ਦੇ ਵਿਦੇਸ਼ ਮੰਤਰੀ ਪੇਨੀ ਵੋਂਗ ਅਤੇ ਜਾਪਾਨ ਦੇ ਵਿਦੇਸ਼ ਮੰਤਰੀ ਯੋਕੋ ਕਾਮੀ-ਕੋਵਾ ਨੇ, ਸੰਯੁਕਤ ਰਾਸ਼ਟਰ ਵਲੋਂ ਸੂਚੀਬੱਧ ਕੀਤੇ ਸਾਰੇ ਅੱਤਵਾਦੀ ਸਮੂਹਾਂ ਖਿਲਾਫ ਇੱਕਜੁੱਟ ਕਾਰਵਾਈ ਕਰਨ ਦਾ ਸੱਦਾ ਦਿੱਤਾ ਏ ।

---------------------------------------------------

ਪੰਜਾਬ ਦੇ ਨਵ-ਨਿਯੁਕਤ ਰਾਜਪਾਲ ਗੁਲਾਬ ਚੰਦ ਕਟਾਰੀਆ ਅੱਜ ਬਾਅਦ ਦੁਪਹਿਰ, ਮੁਹਾਲੀ ਹਵਾਈ ਅੱਡੇ ’ਤੇ ਪੁੱਜੇ । ਉਹ ਭਲਕੇ ਮੌਜੂਦਾ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੋਂ ਆਪਣਾ ਅਹੁਦਾ ਸੰਭਾਲਣਗੇ । ਇਸ ਤੋਂ ਪਹਿਲਾਂ ਉਹ, ਅਸਾਮ ਦੇ ਰਾਜਪਾਲ ਸਨ । ਮੁਹਾਲੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਐਸ ਐਸ ਪੀ ਨੇ, ਹਵਾਈ ਅੱਡੇ ਤੇ ਗੁਲਾਬ ਚੰਦ ਕਟਾਰੀਆ ਦਾ ਸਵਾਗਤ ਕੀਤਾ । ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਦੀ ਸ਼ਲਾਘਾ ਕੀਤੀ ਅਤੇ ਆਪਣੇ ਵਲੋਂ ਪੂਰੀ ਲਗਨ ਤੇ ਸ਼ਿੱਦਤ ਨਾਲ ਸਮਾਜ ਦੀ ਸੇਵਾ ਕਰਨ ਦੀ ਵਚਨਬੱਧਤਾ ਪ੍ਰਗਟਾਈ ।

**BYTE:**

---------------------------------------------------

ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਨੂੰ ਮੈਡੀਕਲ ਖੋਜ ਲਈ, ਮੈਡੀਕਲ ਖੋਜ ਸੰਮੇਲਨ ਬਲੈਕ-ਬਕ ਅਵਾਰਡਜ਼ ਵਿੱਚ ਮਾਣਮੱਤੇ "ਆਊਟ-ਸਟੈਂਡਿੰਗ ਰਿਸਰਚ ਇੰਸਟੀਚਿਊਸ਼ਨ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਏ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜੀਵ ਸੂਦ ਨੇ ਨਵੀਂ ਦਿੱਲੀ ਵਿਖੇ ਆਯੋਜਿਤ ਸਮਾਗਮ ਦੌਰਾਨ, ਇਹ ਅਵਾਰਡ ਪ੍ਰਾਪਤ ਕੀਤਾ। ਮੈਡੀਕਲ ਖੋਜ ਲਈ ਬਲੈਕਬੱਕ ਅਵਾਰਡ ਮੈਡੀਕਲ ਵਿਗਿਆਨ ਵਿੱਚ ਸ਼ਾਨਦਾਰ ਪ੍ਰਾਪਤੀਆਂ ਨੂੰ ਮਾਨਤਾ ਦਿੰਦੇ ਨੇ ਅਤੇ ਬਾਬਾ ਫਰੀਦ ਯੂਨੀਵਰਸਿਟੀ ਦੀ ਜਿੱਤ ਨਵੀਨਤਾਕਾਰੀ ਖੋਜ ਰਾਹੀਂ ਸਿਹਤ ਸੰਭਾਲ ਨੂੰ ਅੱਗੇ ਵਧਾਉਣ ਲਈ ਵਚਨਬੱਧਤਾ ਦਾ ਪ੍ਰਮਾਣ ਏ। ਫੰਡਿੰਗ ਰੁਕਾਵਟਾਂ ਅਤੇ ਰੈਗੂਲੇਟਰੀ ਰੁਕਾਵਟਾਂ ਵਰਗੀਆਂ ਚੁਣੌਤੀਆਂ ਦੇ ਬਾਵਜੂਦ ਇਹ ਪੁਰਸਕਾਰ ਮੈਡੀਕਲ ਖੋਜ ਵਿੱਚ ਯੂਨੀਵਰਸਿਟੀ ਦੇ ਮਹੱਤਵਪੂਰਨ ਯੋਗਦਾਨ ਨੂੰ ਸਵੀਕਾਰ ਕਰਦਾ ਏ। ਵਾਈਸ ਚਾਂਸਲਰ ਡਾ. ਰਾਜੀਵ ਸੂਦ ਨੇ ਕਿਹਾ ਕਿ ਇਸ ਵੱਕਾਰੀ ਅਵਾਰਡ ਨੂੰ ਪ੍ਰਾਪਤ ਕਰਕੇ, ਬਹੁਤ ਖੁਸ਼ੀ ਹੋਈ ਏ, ਜਿਹੜਾ

ਡਾਕਟਰੀ ਖੋਜ ਪ੍ਰਤੀ ਸਾਡੇ ਸਮਰਪਣ ਅਤੇ ਸਮਾਜ 'ਤੇ ਇਸ ਦੇ ਪ੍ਰਭਾਵ ਨੂੰ ਮਾਨਤਾ ਦਿੰਦਾ ਏ। ਉਨਾਂ ਕਿਹਾ ਕਿ ਇਹ ਅਵਾਰਡ ਮੈਡੀਕਲ ਵਿਗਿਆਨ ਦੀਆਂ ਹੱਦਾਂ ਨੂੰ ਅੱਗੇ ਵਧਾਉਣ ਅਤੇ ਸਿਹਤ ਸੰਭਾਲ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰੇਗਾ।

---------------------------------------------------------------------

ਪੈਰਿਸ ਓਲੰਪਿਕ ਤੋਂ ਭਾਰਤ ਲਈ ਅੱਜ ਫੇਰ ਇਕ ਚੰਗੀ ਖ਼ਬਰ ਆਈ, ਜਦੋਂ ਨਿਸ਼ਾਨੇਬਾਜ਼ੀ ਵਿਚ ਭਾਰਤੀ ਖਿਡਾਰੀਆਂ ਨੇ ਕਾਂਸੇ ਦੇ ਤਮਗੇ ਤੇ ਨਿਸ਼ਾਨਾ ਲਗਾਇਆ। ਸ਼ੂਟਰ ਮਨੂ ਭਾਕਰ ਤੇ ਸਰਬਜੋਤ ਸਿੰਘ ਦੀ ਜੋੜੀ ਨੇ 10 ਮੀਟਰ ਏਅਰ ਪਿਸਟਲ ਮਿਕਸਡ ਮੁਕਾਬਲੇ ਵਿਚ ਕਾਂਸੇ ਦਾ ਇਹ ਤਮਗਾ ਜਿਤਿਆ ਏ। ਇਸ ਜੋੜੀ ਨੇ ਕੋਰੀਆ ਨੂੰ 16 - 10 ਨਾਲ ਹਰਾਇਆ। ਇਸ ਤਰਾਂ ਹੁਣ ਭਾਰਤ ਦੇ ਕਾਂਸੇ ਦੇ 2 ਤਮਗੇ ਹੋ ਗਏ ਨੇ। ਮਨੂ ਭਾਕਰ ਦਾ ਇਹ ਦੂਜਾ ਕਾਂਸੇ ਦਾ ਤਮਗਾ ਏ ਅਤੇ ਕਿਸੇ ਵੀ ਓਲੰਪਿਕ ਵਿਚ ਕਿਸੇ ਇਕ ਖਿਡਾਰੀ ਨੇ ਵੀ ਪਹਿਲੀ ਵਾਰ ਦੋ ਤਮਗੇ ਹਾਸਲ ਕੀਤੇ ਨੇ। ਏਧਰ ਸਰਬਜੋਤ ਸਿੰਘ ਦਾ ਓਲੰਪਿਕ ਵਿਚ ਇਹ ਪਹਿਲਾ ਤਮਗਾ ਏ।

---------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ, ਕਾਂਸੀ ਦਾ ਤਮਗਾ ਜਿੱਤਣ 'ਤੇ ਮਨੂ ਭਾਕਰ ਅਤੇ ਸਰਬਜੋਤ ਸਿੰਘ ਨੂੰ ਵਧਾਈ ਦਿੱਤੀ ਏ । ਰਾਸ਼ਟਰਪਤੀ ਨੇ ਐਕਸ 'ਤੇ ਪੋਸਟ ਕੀਤਾ, ਕਿ "ਸ਼ੂਟਿੰਗ ਲਈ ਮਿਕਸਡ ਟੀਮ 10 ਮੀਟਰ ਏਅਰ ਪਿਸਟਲ ਈਵੈਂਟ ਵਿੱਚ, ਭਾਰਤ ਲਈ ਕਾਂਸੀ ਦਾ ਤਗਮਾ ਜਿੱਤਣ 'ਤੇ ਮਨੂ ਭਾਕਰ ਅਤੇ ਸਰਬਜੋਤ ਸਿੰਘ ਨੂੰ ਵਧਾਈ । ਮਨੂ ਭਾਕਰ ਨੇ ਇਤਿਹਾਸ ਰਚ ਦਿੱਤਾ ਏ, ਉਹ ਇੱਕੋ ਓਲੰਪਿਕ ਖੇਡਾਂ ਵਿੱਚ ਦੋ ਤਮਗੇ ਜਿੱਤਣ ਵਾਲੀ, ਭਾਰਤ ਦੀ ਪਹਿਲੀ ਮਹਿਲਾ ਨਿਸ਼ਾਨੇਬਾਜ਼ ਬਣ ਗਈ ਏ । ਉਨ੍ਹਾਂ ਸਾਨੂੰ ਬਹੁਤ ਮਾਣ ਮਹਿਸੂਸ ਕਰਵਾਇਆ ਏ ਅਤੇ ਉਨ੍ਹਾਂ ਨੂੰ ਤੇ ਸਰਬਜੋਤ ਸਿੰਘ ਨੂੰ ਭਵਿੱਖ ਵਿੱਚ ਹੋਰ ਬਹੁਤ ਸਾਰੀਆਂ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ । ਪ੍ਰਧਾਨ ਮੰਤਰੀ ਨੇ ਐਕਸ 'ਤੇ ਪੋਸਟ ਕੀਤਾ ਕਿ ਸਾਡੇ ਨਿਸ਼ਾਨੇਬਾਜ਼, ਸਾਨੂੰ ਲਗਾਤਾਰ ਮਾਣ ਮਹਿਸੂਸ ਕਰਵਾ ਰਹੇ ਨੇ । ਉਨ੍ਹਾਂ ਓਲੰਪਿਕ ਵਿੱਚ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਈਵੈਂਟ ਵਿੱਚ, ਕਾਂਸੀ ਦਾ ਤਮਗਾ ਜਿੱਤਣ ਲਈ, ਮਨੂ ਭਾਕਰ ਅਤੇ ਸਰਬਜੋਤ

ਸਿੰਘ ਨੂੰ ਵਧਾਈ ਦਿਤੀ । ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵਾਂ ਨੇ ਸ਼ਾਨਦਾਰ ਹੁਨਰ ਅਤੇ ਟੀਮ ਵਰਕ ਦਿਖਾਇਆ ਏ । ਭਾਰਤ ਬੇਹੱਦ ਖੁਸ਼ ਏ । ਮਨੂ ਲਈ, ਇਹ ਉਨ੍ਹਾਂ ਦਾ ਲਗਾਤਾਰ ਦੂਜਾ ਓਲੰਪਿਕ ਤਮਗਾ ਏ, ਜਿਹੜਾ ਉਨ੍ਹਾਂ ਦੀ ਨਿਰੰਤਰ ਉੱਤਮਤਾ ਅਤੇ ਸਮਰਪਣ ਨੂੰ ਦਰਸਾਉਂਦਾ ਏ ।

---------------------------------------------------------

ਭਾਰਤ ਅਤੇ ਸ੍ਰੀ ਲੰਕਾ ਵਿਚਾਲੇ ਤਿੰਨ ਟੀ - 20 ਕ੍ਰਿਕਟ ਮੈਚਾਂ ਦੀ ਲੜੀ ਦਾ ਆਖਰੀ ਤੇ ਤੀਜਾ ਮੈਚ ਅੱਜ ਪੱਲੇ-ਕੇਲੇ ਕੌਮਾਂਤਰੀ ਕ੍ਰਿਕਟ ਸਟੇਡੀਅਮ 'ਚ ਖੇਡਿਆ ਜਾਵੇਗਾ । ਇਹ ਮੈਚ ਹੁਣ ਤੋਂ ਥੋੜੀ ਦੇਰ ਬਾਅਦ 7 ਵਜੇ ਸ਼ੁਰੂ ਹੋਵੇਗਾ । ਇਸ ਤੋਂ ਪਹਿਲਾਂ ਖੇਡੇ ਗਏ ਦੋਵੇਂ ਮੈਚ ਜਿੱਤ ਕੇ ਭਾਰਤ ਲੜੀ ਵਿਚ 2 - 0 ਨਾਲ ਅਗੇ ਚੱਲ ਰਿਹਾ ਏ ।

---------------------------------------------------------

ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ, ਇਸ ਵਾਰ ਮਾਨਸੂਨ ਦੇ ਸੀਜਨ ਦੌਰਾਨ ਹਾਲੇ ਤਕ ਖੁਲ ਕੇ ਮੀਂਹ ਨਹੀਂ ਪਿਆ ਏ, ਜਿਸ ਨਾਲ ਲੋਕਾਂ ਨੂੰ ਹੁੰਮਸ ਭਰੀ ਜਬਰਦਸਤ ਗਰਮੀ ਦਾ ਸਾਹਮਣਾ ਕਰਨ ਪੈ ਰਿਹਾ

ਏ। ਹਾਲਾਂਕਿ ਮੌਸਮ ਵਿਭਾਗ ਨੇ ਅਗਲੇ ਦੋ ਦਿਨ ਲਈ, ਸਮੁਚੇ ਪੰਜਾਬ ਵਿਚ ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਚੇਤਾਵਨੀ ਦੀਦਿਆਂ ਓਰੇਂਜ ਤੇ ਯੈਲੋ ਅਲਰਟ ਜਾਰੀ ਕੀਤਾ ਏ। ਜਲੰਧਰ ਸਮੇਤ ਕਈ ਜ਼ਿਲਿਆਂ ਵਿਚ ਅੱਜ ਵੀ, ਰੁਕ ਰੁਕ ਕੇ ਮੀਂਹ ਪੈਣ ਦਾ ਸਿਲਸਿਲਾ ਚਲਦਾ ਰਿਹਾ।

*ਇਕ ਰਿਪੋਰਟ :ਡਿਸਪੈਚ: ਜੁਲਾਈ ਦਾ ਮਹੀਨਾ ਖ਼ਤਮ ਹੋਣ ਦੇ ਕੰਢੇ ਤੇ ਏ ਪਰ ਸੂਬੇ ਦੇ ਲੋਕ ਮਾਨਸੂਨ ਦੇ ਸੀਜਨ ਵਿਚ ਖੁਲ ਕੇ ਪੈਣ ਵਾਲੇ ਮੀਂਹ ਦੀ ਇੰਤਜਾਰ ਹੀ ਕਰ ਰਹੇ ਨੇ। ਕੁਛ ਜ਼ਿਲਿਆਂ ਨੂੰ ਛੱਡ ਕੇ ਜ਼ਿਆਦਤਰ ਜ਼ਿਲਿਆਂ ਵਿਚ ਮੀਂਹ ਔਸਤਨ ਤੋਂ ਵੀ ਕਾਫੀ ਘਟ ਪਿਆ ਏ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਸੂਬੇ ਵਿਚ ਔਸਤਨ ਮੀਂਹ ਦੇ ਮੁਕਾਬਲੇ ਹਾਲੇ ਤਕ ਕੋਈ 44 ਫੀਸਦੀ ਘੱਟ ਮੀਂਹ ਦਰਜ਼ ਕੀਤਾ ਗਿਆ ਏ। ਖ਼ਾਸਤੌਰ ਤੇ ਸੂਬੇ ਦਾ ਮਾਲਵਾ ਖਿਤਾ ਮੀਂਹ ਨਾਲੋਂ ਸਬ ਤੋਂ ਵੱਧ ਸੱਖਣਾ ਰਿਹਾ ਏ। ਬਠਿੰਡਾ ਜ਼ਿਲੇ ਵਿਚ ਤਾਂ ਹਾਲੇ ਤਕ ਸਿਰਫ 37 ਮਿਲੀਮੀਟਰ ਹੀ ਮੀਂਹ ਪਿਆ ਏ ਜਿਹੜਾ ਇਸ ਜ਼ਿਲੇ ਵਿਚ ਔਸਤਨ ਮੀਂਹ ਤੋਂ 74 ਫੀਸਦੀ ਘੱਟ ਏ। ਇਹੀ ਕਾਰਣ ਏ ਕਿ ਬਠਿੰਡਾ ਦਾ ਤਾਪਮਾਨ ਇਨੀਂ ਦਿਨੀਂ ਵੀ 40 ਡਿਗਰੀ ਤੋਂ ਉਪਰ ਹੀ*

*ਚੱਲ ਰਿਹਾ ਏ। ਫਤਹਿਗੜ੍ਹ ਸਾਹਿਬ ਜ਼ਿਲੇ ਵਿਚ 75, ਮੋਹਾਲੀ ਵਿਚ 71, ਫਿਰੋਜ਼ਪੁਰ ਵਿਚ 70, ਮੋਗਾ ਵਿਚ 63 ਅਤੇ ਫਰੀਦਕੋਟ ਜ਼ਿਲੇ ਵਿਚ ਔਸਤਨ ਮੀਂਹ ਦੇ ਮੁਕਾਬਲੇ 57 ਫੀਸਦੀ ਘਟ ਮੀਂਹ ਦਰਜ਼ ਕੀਤਾ ਗਿਆ ਏ। ਏਧਰ ਸੂਬੇ ਵਿਚ ਮੀਂਹ ਨਾ ਪੈਣ ਦਾ ਅਸਰ ਵੱਖ ਵੱਖ ਡੈਮਾਂ ਵਿਚ ਪਾਣੀ ਦੇ ਪੱਧਰ ਤੇ ਵੀ ਵੇਖਿਆ ਜਾ ਰਿਹਾ ਏ। ਸਭ ਤੋਂ ਵੱਡੇ ਭਾਖੜਾ ਡੈਮ ਵਿਚ ਇਸ ਵੇਲੇ ਪਾਣੀ ਦਾ ਪੱਧਰ ਪਿਛਲੇ ਵਰ੍ਹੇ ਦੇ ਮੁਕਾਬਲੇ ਕੋਈ 54 ਫੀਸਦੀ ਘੱਟ ਚਲ ਰਿਹਾ ਏ। ਇਸੇ ਤਰਾਂ ਨਾਲ ਰਣਜੀਤ ਸਾਗਰ ਡੈਮ ਵਿਚ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਅਜਕਲ ਦੇ ਦਿਨਾਂ ਦੇ ਮੁਕਾਬਲੇ 105 ਫੁੱਟ ਅਤੇ ਪੌਂਗ ਡੈਮ ਵਿਚ ਪਾਣੀ ਦਾ ਇਹ ਪੱਧਰ 59 ਫੁੱਟ ਤਕ ਘੱਟ ਦਰਜ਼ ਕੀਤਾ ਗਿਆ ਏ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

---

ਉਧਰ ਹੁਣੇ ਹੁਣੇ ਖਤਮ ਹੋਏ ਪੂਲ ਬੀ ਦੇ ਹਾਕੀ ਦੇ ਇਕ ਮੈਚ ਵਿਚ ਭਾਰਤ ਨੇ ਆਈਰਲੈਂਡ ਨੂੰ 2-0 ਨਾਲ ਹਰਾਇਆ। ਇਨਾਂ ਵਿਚੋਂ ਪਹਿਲਾ

ਗੋਲ ਪੇਨਲਟੀ ਕਾਰਨਰ ਅਤੇ ਦੂਜਾ ਗੋਲ ਪੇਨਲਟੀ ਸਟ੍ਰੋਕ ਤੇ ਕੀਤਾ ਗਿਆ। ਓਲੰਪਿਕ ਵਿਚ ਭਾਰਤੀ ਹਾਕੀ ਟੀਮ ਦੀ ਇਹ ਲਗਾਤਾਰ ਦੂਜੀ ਜਿੱਤ ਏ । ਭਾਰਤ ਦਾ ਅਗਲਾ ਮੈਚ ਹੁਣ ਪਹਿਲੀ ਅਗਸਤ ਨੂੰ ਬੈਲਜ਼ੀਅਮ ਨਾਲ ਹੋਵੇਗਾ।

---------------------------------------------------------------

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਅਤੇ ਪੰਜਾਬ ਊਰਜਾ ਵਿਕਾਸ ਏਜੰਸੀ ਨੇ ਜ਼ਮੀਨੀ ਪੱਧਰ ‘ਤੇ ਊਰਜਾ ਕੁਸ਼ਲਤਾ ਵਧਾਉਣ ਤੇ ਸੰਭਾਲ ਦੀ ਪਹਿਲਕਦਮੀ ਕਰਦਿਆਂ ਕਿਸਾਨਾਂ ਲਈ ਜਾਗਰੂਕਤਾ ਅਤੇ ਸਿਖਲਾਈ ਪ੍ਰੋਗਰਾਮ ਦਾ ਪ੍ਰਬੰਧ ਕੀਤਾ। ਕੇਂਦਰ ਦੇ ਡਿਪਟੀ ਡਾਇਰੈਕਟਰ ਡਾ. ਗੁਰਦੀਪ ਸਿੰਘ ਸਿੱਧੂ ਨੇ, ਖੇਤੀ ਦੀ ਰਹਿੰਦ-ਖੂੰਹਦ ਖੇਤ ਵਿੱਚ ਮਿਲਾਉਣ ਲਈ, ਵੱਖ-ਵੱਖ ਤਕਨੀਕਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਅਤੇ ਗਰੀਨ ਹਾਊਸ ਗੈਸ ਦੇ ਲਗਾਤਾਰ ਹੁੰਦੇ ਵਾਧੇ ਨੂੰ ਕਾਬੂ ਕਰਨ ਲਈ, ਊਰਜਾ ਅਤੇ ਲੇਬਰ ਦੀ ਬੱਚਤ ਸਬੰਧੀ ਵਿਧੀਆਂ ਬਾਰੇ ਬਰੀਕੀ ਨਾਲ ਦੱਸਿਆ। ਬਿਊਰੋ ਆਫ ਐਨਰਜੀ ਐਫੀ-

ਸੀਐੱਸੀ ਦੇ ਵਿਸ਼ਾ ਵਸਤੂ ਮਾਹਿਰ ਰਾਹੁਲ ਨੇ, ਊਰਜਾ ਦੀ ਬੱਚਤ ਲਈ ਵੱਖ-ਵੱਖ ਸਬਸਿਡੀ ਦੀਆਂ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ। ਉਨਾਂ ਲਘੂ ਉਦਯੋਗ, ਖੇਤੀ ਤੇ ਘਰੇਲੂ ਪੱਧਰ 'ਤੇ ਊਰਜਾ ਬਚਾਉਣ ਲਈ ਸਹੀ ਅਤੇ ਯੋਗ ਪਾਈਪਾਂ, ਪਾਣੀ ਨੂੰ ਬਚਾਉਣ ਲਈ ਮਲਚਿੰਗ ਤੇ ਡਰਿੱਪ ਸਿੰਚਾਈ ਦੀ ਵਰਤੋਂ ਨੂੰ ਤਰਜੀਹ ਦੇਣ ਸਬੰਧੀ ਉਤਸਾਹਿਤ ਕੀਤਾ।

---------------------------------------------------------------

**ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ, ਕਿ ਦੇਸ਼ ਦੀ GDP ਅੱਠ ਫੀਸਦੀ ਦੀ ਦਰ ਨਾਲ ਵਧ ਰਹੀ ਏ ਅਤੇ ਉਹ ਦਿਨ ਦੂਰ ਨਹੀਂ, ਜਦੋਂ ਇਹ ਵਿਸ਼ਵ ਪੱਧਰ 'ਤੇ ਤੀਜੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣ ਜਾਵੇਗਾ।
- ਪੰਜਾਬ ਦੇ ਨਵ-ਨਿਯੁਕਤ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ, ਪੂਰੀ ਲਗਨ ਤੇ ਸ਼ਿੱਦਤ ਨਾਲ ਸਮਾਜ ਸੇਵਾ ਕਰਨ ਦੀ ਵਚਨਬੱਧਤਾ ਪ੍ਰਗਟਾਈ।

- ਨਿਸ਼ਾਨੇਬਾਜ਼ ਮਨੂ ਭਾਕਰ ਤੇ ਸਰਬਜੋਤ ਸਿੰਘ ਦੀ ਜੋੜੀ ਨੇ, 10 ਮੀਟਰ ਏਅਰ ਪਿਸਟਲ ਮਿਕਸਡ ਮੁਕਾਬਲੇ ਵਿਚ ਕਾਂਸੇ ਦਾ ਤਮਗਾ ਜਿਤਿਆ।
- ਪੰਜਾਬ ਵਿਚ ਔਸਤਨ ਮੀਂਹ ਦੇ ਮੁਕਾਬਲੇ ਹਾਲੇ ਤਕ ਕੋਈ 44 ਫੀਸਦੀ ਘੱਟ ਮੀਂਹ ਦਰਜ਼ ਕੀਤਾ ਗਿਆ ਏ, ਮੌਸਮ ਵਿਭਾਗ ਨੇ ਅਗਲੇ ਦੋ ਦਿਨ, ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਚੇਤਾਵਨੀ ਦਿੱਤੀ ਏ।